Roll No. | | | | | | | |

**Series SHC** **Code No. 222/1**

- Please check that this question paper contains 5 printed pages + 3 Maps.
- Code number given on the right hand side of the question paper should be written on the title page of the answer-book by the candidate.
- Please check that this question paper contains 23 questions.
- Please write down the serial number of the question before attempting it.

# HISTORY

## (Punjabi Version)

# ਇਤਿਹਾਸ

## (ਪੰਜਾਬੀ ਉਲਥਾ)

*Time allowed : 3 hours* *Maximum Marks : 100*

*ਸਮਾਂ ਸੀਮਾਂ : 3 ਘੰਟੇ* *ਪੂਰਣ ਅੰਕ : 100*

***ਵਿਆਪਕ ਨਿਰਦੇਸ਼ :***

*(i) ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ ।*

*(ii) 2 ਅੰਕ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 30 ਸ਼ਬਦਾਂ ਤੋਂ ਵਧ ਨ ਹੋਵੇ ।*

*(iii) 5 ਅੰਕ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 100 ਸ਼ਬਦਾਂ ਤੋਂ ਵਧ ਨ ਹੋਵੇ ।*

*(iv) 8 ਅੰਕ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 250 ਸ਼ਬਦਾਂ ਤੋਂ ਵਧ ਨ ਹੋਵੇ ।*

*(v) ਮਾਨਚਿਤ੍ਰ ਆਪਣੀ ਉੱਤਰ ਪੁਸਤਿਕਾ ਦੇ ਨਾਲ ਨਥੀ ਕਰੋ ।*

*(vi) ਜਿਥੇ ਕਿਥੇ ਜ਼ਰੂਰੀ ਹੋਵੇ ਸਟੈਂਸਲਾ ਜਾਂ ਸਾਂਚਿਆ ਨੂੰ ਰੇਖਾ ਮਾਨਚਿਤ੍ਰ ਬਨਾਣ ਲਈ ਵਰਤਿਆ ਜਾ ਸਕਦਾ ਹੈ ।*

## ਆਧੁਨਿਕ ਭਾਰਤ

1. ਬਕਸਰ ਦੀ ਲੜਾਈ (1764) ਨਾਲ, ਭਾਰਤ ਵਿੱਚ ਮੁਗ਼ਲਾਂ ਤੇ ਪਏ ਇਕ ਪ੍ਰਮੁਖ ਪਰਿਣਾਮ ਦੀ ਵਿਆਖਿਆ ਕਰੋ । 2

2. 1905 ਵਿੱਚ ਬੰਗਾਲ ਦੇ ਵਿਭਾਜਨ ਦਾ ਕੋਈ ਇਕ ਕਾਰਨ ਸਪਸ਼ਟ ਕਰੋ । 2

3. ਭਾਰਤੀ ਸੰਵਿਧਾਨ ਵਿੱਚ ਦਿਤੇ 'ਕਾਨੂੰਨ ਦੇ ਸਾਹਮਣੇ ਬਰਾਬਰੀ' ਦੇ ਕਥਨ ਦਾ ਕੀ ਭਾਵ ਹੈ ? 2

4. 1857 ਦੇ ਵਿਦ੍ਰੋਹ ਲਈ ਅੰਗ੍ਰੇਜ਼ੀ ਸਰਕਾਰ ਵੱਲੋ ਨਸਲੀ ਪ੍ਰਮੁੱਖਤਾ ਪ੍ਰਤੀ ਰਵਈਏ ਨੇ ਕਿਵੇਂ ਯੋਗਦਾਨ ਦਿੱਤਾ ? ਵਿਦ੍ਰੋਹ ਦੇ ਕਿਨ੍ਹੀਂ ਤਿੰਨ ਹੋਰ ਕਾਰਨਾਂ ਦਾ ਉਲੇਖ ਕਰੋ । 2+3=5

ਜਾਂ

ਕੰਪਨੀ ਸ਼ਾਸਨ ਦੇ ਦੌਰਾਨ ਸਿਪਾਹੀ ਕੌਣ ਸਨ ? 1857 ਵਿਚ ਉਹਨਾਂ ਦੇ ਵਿਦ੍ਰੋਹ ਦੇ ਮੁੱਖ ਕਾਰਨ ਕੀ ਸਨ ? 2+3=5

5. 1861 ਦੇ ਕੋਸਲ ਐਕਟ ਦੀਆਂ ਤਿੰਨ ਪ੍ਰਮੁਖ ਵਿਸ਼ੇਸ਼ਤਾਈਆਂ ਦੀ ਵਿਆਖਿਆ ਕਰੋ । ਇਹੋ ਦਸੋ ਕਿ ਕੀ ਇਹ ਐਕਟ ਭਾਰਤੀ ਜਨਮਤ ਦਾ ਪ੍ਰਤਿਨਿਧਿਤਵ ਕਰਦਾ ਸੀ ਜਾਂ ਨਹੀਂ । ਦੋ ਨੁਕਤੇ ਦਿਉ । 3+2=5

ਜਾਂ

ਯੰਦਾਬੋ ਦੀ ਸੰਧੀ ਤੇ ਕਿਉਂ ਹਸਤਾਖਰ ਕਿਤੇ ਗਏ ? ਇਸ ਸੰਧੀ ਦੇ ਤਿੰਨ ਪ੍ਰਮੁਖ ਪ੍ਰਾਵਧਾਨਾਂ ਨੂੰ ਸਪਸ਼ਟ ਕਰੋ । 2+3=5

6. ਬ੍ਰਹਮ ਸਭਾ ਦੀ ਸਥਾਪਨਾ ਕਦੋਂ ਅਤੇ ਕਿਸ ਦੁਆਰਾ ਕੀਤੀ ਗਈ ? ਇਸ ਸਭਾ ਦੇ ਕਿਨ੍ਹੀਂ ਤਿੰਨ ਵਿਚਾਰਾਂ ਦੀ ਵਿਆਖਿਆ ਕਰੋ । 2+3=5

ਜਾਂ

ਭਾਰਤ ਵਿੱਚ ਥਿਯੋਸਾਫ਼ੀਕਲ ਸੋਸਾਇਟੀ ਦੀ ਸਥਾਪਨਾ ਕਦੋਂ ਅਤੇ ਕਿਸ ਦੁਆਰਾ ਕੀਤੀ ਗਈ ? ਸੋਸਾਇਟੀ ਦੇ ਤਿੰਨ ਪ੍ਰਮੁਖ ਉਦੇਸ਼ਾਂ ਦੀ ਵਿਆਖਿਆ ਕਰੋ । 2+3=5

7. ਦੂਜੇ ਵਿਸ਼ਵ ਯੁਧ ਦੇ ਮਗਰੋਂ ਭਾਰਤ ਪ੍ਰਤੀ ਇੰਗਲੈਂਡ ਦੇ ਰਵਈਏ ਵਿਚ ਤਬਦੀਲੀ ਦੇ ਕਾਰਣਾ ਦੀ ਸਮੀਖਿਆ ਕਰੋ । ਦੋ ਮੁੱਖ ਘਟਨਾਵਾਂ ਦੀ ਵਿਆਖਿਆ ਕਰੋ ਜਿਨ੍ਹਾਂ ਵਿੱਚ ਇਹ ਰਵਈਆ ਝਲਕਦਾ ਹੈ । 3+2=5

8. ਉਨ੍ਹਾਂ ਘਟਨਾਵਾਂ ਦਾ ਵਿਸ਼ਲੇਸ਼ਣ ਕਰੋ ਜਿਨ੍ਹਾਂ ਕਾਰਨ ਕਾਂਗ੍ਰਸ 'ਪੂਰਣ ਸਵਰਾਜ' ਦਾ ਪ੍ਰਸਤਾਵ ਪਾਰਿਤ ਕਰਨ ਦਾ ਕਾਰਣ ਬਣੇ । 5

9. ਫ਼ਰਾਂਸ ਦੀ ਈਸਟ ਇੰਡੀਆ ਕੰਪਨੀ ਦੀ ਸਥਾਪਨਾਂ ਕਦੋਂ ਹੋਈ ? ਕਰਨਾਟਕ ਅਤੇ ਹੈਦਰਾਬਾਦ ਨਾਲ ਉਸਦੇ ਸੰਬੰਧਾਂ ਦਾ ਵਰਣਨ ਕਰੋ । ਭਾਰਤ ਵਿੱਚ ਇਸਦੇ ਵਿਕਾਸ ਵਿੱਚ ਰੋੜਾ ਬਣਨ ਵਾਲੇ ਕਿੰਨ੍ਹੀਂ ਤਿੰਨ ਕਾਰਨਾਂ ਦਾ ਉਲੇਖ ਕਰੋ । 1+4+3=8

ਜਾਂ

ਕੰਪਨੀ ਸ਼ਾਸਨ ਦੇ ਦੌਰਾਨ ਭਾਰਤ ਵਿੱਚ ਬ੍ਰਿਟਿਸ਼ ਆਰਥਿਕ ਨੀਤੀ ਦੀਆਂ ਪ੍ਰਮੁਖ ਵਿਸ਼ੇਸ਼ਤਾਈਆਂ ਦਾ ਸੰਖੇਪ ਵਿਚ ਵਰਣਨ ਕਰੋ । ਕਦੋਂ ਅਤੇ ਕਿਸ ਵਿਸ਼ੇਸ਼ ਘਟਨਾਕ੍ਰਮ ਦੇ ਮਗਰੋਂ ਕੰਪਨੀ ਸ਼ਾਸਨ ਦੀ ਸਮਾਪਤੀ ਹੋਈ ? 5+1+2=8

10. ਵੀਹਵੀਂ ਸਦੀ ਦੇ ਪਹਿਲੇ ਅਧ ਵਿੱਚ ਭਾਰਤ ਵਿੱਚ ਸੰਪ੍ਰਦਾਇਕਤਾ ਦੀ ਵਰਿਧੀ ਨੂੰ ਸਪਸ਼ਟ ਕਰੋ ਅਤੇ ਇਸਨੂੰ ਰੋਕਣ ਲਈ ਰਾਸ਼ਟ੍ਰਵਾਦੀ ਅੰਦੋਲਨ ਦੇ ਪ੍ਰਯਾਸਾਂ ਦੀ ਸਮੀਖਿਆ ਕਰੋ । 6+2=8

ਜਾਂ

ਉਨੀਵੀਂ ਸਦ ਦੇ ਅੰਤ ਵਿੱਚ ਰਾਸ਼ਟ੍ਰਵਾਦ ਦੇ ਉਦੈ ਵਿੱਚ 'ਭਾਰਤ ਦੇ ਅਤੀਤ ਦੀ ਪੁਨਰਖੋਜ' ਦੀ ਭੂਮਿਕਾ ਦੀ ਵਿਆਖਿਆ ਕਰੋ । ਅਤੀਤ ਦੀ ਅਜਿਹੀ ਪੁਨਰਖੋਜ ਦੀ ਕਿਸੀ ਇਕ ਕਮੀ ਦੀ ਸਮੀਖਿਆ ਕਰੋ । 6+2=8

11. ਚੰਪਾਰਣ ਸਤਿਆਗ੍ਰਹ ਕਦੋਂ ਅਤੇ ਕਿਸਨੇ ਪ੍ਰਾਰੰਭ ਕੀਤਾ ? ਸਪਸ਼ਟ ਕਰੋ ਕਿ ਗਾਂਧੀ ਜੀ ਨੇ ਸਤਿਆਗ੍ਰਹਿ ਰੀਤੀ ਦੀ ਮੁਢਲੀ ਸ਼ੁਰੂਆਤ ਕਿਸ ਥਾਂ ਤੇ ਕੀਤੀ । ਚੰਪਾਰਣ ਸਤਿਆਗ੍ਰਹ ਦੀਆਂ ਦੋ ਉਪਲਬਧੀਆਂ ਦਾ ਉਲੇਖ ਕਰੋ । 2+4+2=8

**ਜਾਂ**

ਹੇਠ ਲਿਖੇ ਪਰਛੇਦ ਨੂੰ ਸਾਵਧਾਨੀ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ :

"... ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੀ ਫੌਰੀ ਸਮਾਪਤੀ ਇਕ ਜ਼ਰੂਰੀ ਆਵਸ਼ਕਤਾ ਹੈ — ਭਾਰਤ ਲਈ ਅਤੇ ਸੰਯੁਕਤ ਰਾਸ਼ਟ੍ਰ ਸੰਘ ਦੇ ਉਦੇਸ਼ਾਂ ਦੀ ਸਫਲਤਾ ਲਈ ਵੀ ... ਭਾਰਤ ਜਦ ਇਕ ਆਧੁਨਿਕ ਉਪਨਿਵੇਸ਼ਵਾਦ ਦੀ ਪ੍ਰਤਿਸ਼ਟਿਤ ਉਦਹਾਰਣ ਹੈ, ਇਸ ਪ੍ਰਸ਼ਨ ਦੀ ਜ਼ਰੂਰਤ ਬਣ ਚੁਕਾ ਹੈ, ਕਿਉਂ ਕਿ ਭਾਰਤ ਨੂੰ ਸੁਤੰਤ੍ਰਤਾ ਮਿਲਣ ਦੇ ਮਗਰੋਂ ਹੀ ਬ੍ਰਿਟੇਨ ਅਤੇ ਸੰਯੁਕਤ ਰਾਸ਼ਟ੍ਰ ਸੰਘ ਨੂੰ ਪਰਖਿਆ ਜਾਵੇਗਾ ਅਤੇ ਏਸ਼ੀਆ ਅਤੇ ਅਫ਼ਰੀਕਾ ਦੇ ਲੋਕ ਉਮੀਦ ਅਤੇ ਉਤਸ਼ਾਹ ਨਾਲ ਖੁਸ਼ ਹੋ ਉਠਣਗੇ । ਇਸ ਲਈ ਇਸ ਦੇਸ਼ ਵਿਚ ਬ੍ਰਿਟਿਸ਼ ਸ਼ਾਸਨ ਦੀ ਸਮਾਪਤੀ ਇਕ ਮਹੱਤਪੂਰਣ ਅਤੇ ਤਤਕਾਲਿਕ ਮੁੱਦਾ ਬਣ ਗਿਆ ਹੈ, ਜਿਸ ਤੇ ਯੁੱਧ ਦਾ ਭਵਿਸ਼ ਅਤੇ ਸੁਤੰਤ੍ਰਤਾ ਅਤੇ ਲੋਕਤੰਤ੍ਰ ਦੀ ਸਫ਼ਲਤਾ ਨਿਰਭਰ ਹੈ ।"

(i) ਉਸ ਸੰਦਰਭ ਦਾ ਉਲੇਖ ਕਰੋ ਜਿਸ ਵਿਚ ਉਪਰ ਦਿੱਤਾ ਪ੍ਰਸਤਾਵ ਪਾਸ ਕੀਤਾ ਗਿਆ ।

(ii) ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੀ ਸਮਾਪਤੀ ਨਾਲ ਸੰਯੁਕਤ ਰਾਸ਼ਟ੍ਰ ਸੰਘ ਦੇ ਉਦੇਸ਼ਾਂ ਦੀ ਪੂਰਤੀ ਕਿਵੇਂ ਹੋ ਸਕਦੀ ਸੀ ?

(iii) ਉਪਰ ਦਿੱਤੇ ਪ੍ਰਸਤਾਵ ਦੇ ਉਲੇਖ ਅਨੁਸਾਰ ਭਾਰਤ ਨੂੰ ਸੁਤੰਤ੍ਰਤਾ ਦਿੱਤੇ ਜਾਣ ਨਾਲ ਬ੍ਰਿਟੇਨ ਨੂੰ ਕਿਵੇਂ ਪਰਖਿਆ ਜਾਂਦਾ ? ਸਪਸ਼ਟ ਕਰੋ । 2+3+3=8

12. **ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿਤ੍ਰ (ਪੰਨਾ 7) ਤੇ ਸੁਤੰਤ੍ਰਤਾ ਅੰਦੋਲਨ ਦੇ ਹੇਠ ਲਿਖੇ ਕੇਂਦ੍ਰਾਂ ਨੂੰ ਚਿਨ੍ਹਾਂ ਦੁਆਰਾ ਵਿਖਾਉ ਅਤੇ ਉਨ੍ਹਾਂ ਦੇ ਨਾਮ ਵੀ ਲਿਖੋ : 5

(12.1) ਲਖਨਊ

(12.2) ਸੂਰਤ

(12.3) ਚੰਪਾਰਣ

(12.4) ਢਾਂਡੀ

(12.5) ਨਾਗਪੁਰ

**ਜਾਂ**

**ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿਤ੍ਰ (ਪੰਨਾ 7) ਤੇ 1805 ਵਿੱਚ ਬ੍ਰਿਟਿਸ਼ ਸਾਮਰਾਜ ਦੀਆਂ ਸੀਮਾਵਾਂ ਅਤੇ ਉਸਦੇ ਕਿਨ੍ਹੀਂ ਦੋ ਮਹੱਤਪੂਰਣ ਕੇਂਦ੍ਰਾਂ ਸਹਿਤ ਅੰਕਤ ਕਰ ਉਨ੍ਹਾਂ ਦੇ ਨਾਮ ਲਿਖੋ ।

**ਨੋਟ :** *ਹੇਠ ਲਿਖਿਆ ਪ੍ਰਸ਼ਨ ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 12 ਦੀ ਥਾਂ ਤੇ ਹੈ ।*

ਭਾਰਤ ਵਿੱਚ ਸੁਤੰਤ੍ਰਤਾ ਅੰਦੋਲਨ ਦੇ ਕਿਨ੍ਹੀਂ ਪੰਜ ਮਹੱਤਪੂਰਣ ਕੇਂਦ੍ਰਾਂ ਦੇ ਨਾਮ ਲਿਖੋ ।

**ਜਾਂ**

ਭਾਰਤ ਵਿੱਚ ਅੰਗ੍ਰੇਜ਼ਾ ਦੇ ਅਧਿਕਾਰਾਂ ਵਿੱਚ ਵਾਧੇ ਲਈ ਲਾਰਡ ਵੇਲੇਜ਼ਲੀ ਦੁਆਰਾ ਅਪਣਾਏ ਗਏ ਤਰੀਕਿਆ ਦਾ ਉਲੇਖ ਕਰੋ ।

## ਸਮਕਾਲੀਨ ਵਿਸ਼ਵ ਇਤਿਹਾਸ

13. ਦੋ ਉਦਹਾਰਣਾਂ ਦੇ ਕੇ ਦਸੋ ਕਿ ਪੈਰਿਸ ਸ਼ਾਂਤੀ ਸੰਮੇਲਨ ਵਿੱਚ ਜਰਮਨੀ ਨੂੰ ਕਿਸ ਪ੍ਰਕਾਰ ਅਪਮਾਨਿਤ ਕੀਤਾ ਗਿਆ ਸੀ । 2

14. ਦੂਜੇ ਵਿਸ਼ਵ ਯੁੱਧ ਦੇ ਦੌਰਾਨ 'ਵਿਚੀ ਫਰਾਂਸ' ਕਿਸ ਨੂੰ ਕਿਹਾ ਜਾਂਦਾ ਸੀ ? 2

15. ਗੁਟ-ਨਿਰਪੱਖ ਅੰਦੋਲਨ ਦੇ ਕਿਨ੍ਹੀਂ ਦੋ ਮੁੱਖੀ ਰਾਸ਼ਟ੍ਰਾਂ ਦੇ ਨਾਮ ਲਿਖੋ । ਉਸ ਮਹਾਂ-ਸ਼ਕਤੀ ਦਾ ਨਾਮ ਵੀ ਲਿਖੋ ਜਿਸਨੇ ਸ਼ੀਤ ਯੁੱਧ ਕਾਲ ਵਿੱਚ ਇਸ ਅੰਦੋਲਨ ਦਾ ਸਮਰਥਨ ਕੀਤਾ ਸੀ । 2

16. ਉਨੀਵੀਂ ਸ਼ਤਾਬਦੀ ਵਿੱਚ ਜੀਵ ਵਿਗਿਆਨਾਂ ਦੇ ਖੇਤਰ ਵਿੱਚ ਹੋਈਆ ਕਿਨ੍ਹੀਂ ਦੋ ਮਹੱਤਪੂਰਣ ਉਪਲਬੱਧੀਆ ਦਾ ਉਲੇਖ ਕਰੋ । 2

**ਜਾਂ**

ਸ਼ਾਹਿਤ ਵਿੱਚ ਨੋਬੇਲ ਪੁਰਸਕਾਰ ਪ੍ਰਾਪਤ ਕਰਨ ਵਾਲਾ ਪਹਿਲਾ ਏਸ਼ੀਆ ਦਾ ਲੇਖਕ ਕੌਣ ਸੀ ? ਉਸ ਦੀਆਂ ਪ੍ਰਮੁਖ ਕ੍ਰਿਤੀਆਂ ਚੋਂ ਕਿਸੀ ਇਕ ਦਾ ਨਾਮ ਲਿਖੋ । 2

17. ਦਾਸਤੋਵਸਕੀ ਕੌਣ ਸੀ ? ਉਸ ਦੀਆਂ ਪ੍ਰਮੁਖ ਕ੍ਰਿਤੀਆਂ ਵਿਚੋਂ ਕਿਸੀ ਇਕ ਦਾ ਨਾਮ ਲਿਖੋ । 2

**ਜਾਂ**

ਕਿਨ੍ਹੀਂ ਦੋ ਅਜਿਹੇ ਰੋਗਾਂ ਦਾ ਉਲੇਖ ਕਰੋ ਜਿਨ੍ਹਾਂ ਤੇ ਆਧੁਨਿਕ ਯੁਗ ਵਿੱਚ ਨਿਯੰਤ੍ਰਣ ਸੰਭਵ ਹੈ ।

18. ਦੂਸਰੀ ਉਦਯੋਗਿਕ ਕ੍ਰਾਂਤੀ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਦਾ ਉਲੇਖ ਕਰੋ । 2

**ਜਾਂ**

ਕਲਾ ਦੀ ਬੰਗਾਲ ਸ਼ੈਲੀ ਦੀ ਕਿਸੀ ਇਕ ਪ੍ਰਮੁਖ ਵਿਸ਼ੇਸ਼ਤਾ ਦਾ ਉਲੇਖ ਕਰੋ । ਇਸ ਸ਼ੈਲੀ ਦੇ ਕਿਸੀ ਇਕ ਪ੍ਰਮੁਖ ਪ੍ਰਤਿਪਾਦਕ ਦਾ ਨਾਮ ਵੀ ਲਿਖੋ ।

19. ਇਹ ਤਰਕ ਕਿਉਂ ਦਿਤਾ ਜਾਂਦਾ ਹੈ ਕਿ ਆਧੁਨਿਕ ਯੁਗ ਵਿੱਚ ਵਿਸ਼ਵ ਸੰਗਠਿਤ ਹੋ ਗਿਆ ਹੈ ? ਇਸ ਤਰਕ ਦੇ ਸਮਰਥਨ ਵਿੱਚ ਦੋ ਘਟਨਾਂਕ੍ਰਮਾਂ ਨੂੰ ਸਪਸ਼ਟ ਕਰੋ । 3+2=5

**ਜਾਂ**

ਉਨੀਵੀਂ ਸਦੀ ਦੀ ਆਖਰੀ ਤਿਮਾਹੀ ਵਿੱਚ ਸੰਯੁਕਤ ਰਾਸ਼ਟ੍ਰ ਅਮਰੀਕਾ ਦੇ ਇਕ ਉਦਯੋਗਿਕ ਸ਼ਕਤੀ ਦੇ ਰੂਪ ਵਿੱਚ ਉਭਰਣ ਦੇ ਤਿੰਨ ਪ੍ਰਮੁਖ ਕਾਰਨਾਂ ਨੂੰ ਸਪਸ਼ਟ ਕਰੋ । ਇਸ ਵਾਧੇ ਦੀਆਂ ਦੋ ਉਦਹਾਰਣਾਂ ਦਿਉ ।

20. ਮਯੂਨਿਖ ਸਮਝੋਤੇ ਉਪਰ ਕਿਉ ਹਸਤਾਖਰ ਕਿਤੇ ਗਏ ? ਇਹ ਸਮਝੋਤੇ ਦੇ ਤਿੰਨ ਪ੍ਰਮੁਖ ਪਰਿਣਾਮਾਂ ਦੀ ਵਿਆਖਿਆ ਕਰੋ । 2+3=5

**ਜਾਂ**

ਦੋ ਵਿਸ਼ਵ ਯੁਧਾਂ ਦੇ ਵਿੱਚ ਦੇ ਸਮੇਂ ਵਿੱਚ ਮਿਸਰ ਦੇ ਰਾਸ਼ਟ੍ਰੀ ਅੰਦੋਲਨ ਦੀਆਂ ਤਿੰਨ ਪ੍ਰਮੁਖ ਵਿਸ਼ੇਸ਼ਤਾਈਆਂ ਦੀ ਵਿਆਖਿਆ ਕਰੋ । ਇਸ ਅੰਦੋਲਨ ਪ੍ਰਤੀ ਬਾਦਸ਼ਾਹ ਦੇ ਦ੍ਰਿਸ਼ਟੀਕੋਂਣ ਦੀ ਸਮੀਖਿਆ ਕਰੋ । 3+2=5

21. ਵਿਯਤਨਾਮ ਯੁੱਧ ਦੇ ਤਿੰਨ ਪ੍ਰਮੁਖ ਪਰਿਣਾਮਾਂ ਨੂੰ ਸਪਸ਼ਟ ਕਰੋ । ਇਸ ਯੁਧ ਵਿੱਚ ਪ੍ਰਮੁਖ ਰੂਪ ਨਾਲ ਉਲਝੀਆਂ ਦੋ ਵਿਦੇਸ਼ੀ ਸ਼ਕਤੀਆਂ ਦੇ ਨਾਮ ਲਿਖੋ । 3+2=5

22. ਦੂਜਾ ਵਿਸ਼ਵ ਯੁੱਧ ਕਦੋਂ ਅਸਲ ਵਿੱਚ ਇਕ 'ਵਿਸ਼ਵ-ਵਿਆਪੀ ਯੁਧ' ਬਣ ਗਿਆ ਸੀ ? ਅਜਿਹਾ ਬਨਾਣ ਵਾਲੀਆਂ ਕਿਨ੍ਹੀਂ ਤਿੰਨ ਘਟਨਾਵਾਂ ਦੀ ਵਿਆਖਿਆ ਕਰੋ । ਨਾਜ਼ੀ ਜਰਮਨੀ ਅਤੇ ਉਸਦੇ ਮਿਤ੍ਰ ਰਾਸ਼ਟ੍ਰਾਂ ਤੇ ਇਸ ਵਿਸ਼ਵ-ਵਿਆਪੀ ਯੁੱਧ ਦੇ ਪ੍ਰਭਾਵ ਨੂੰ ਸਪਸ਼ਟ ਕਰੋ । 1+3+4=8

**ਜਾਂ**

ਸਮਕਾਲੀਨ ਇਤਿਹਾਸ ਵਿੱਚ ਯੂ.ਐਸ.ਐਸ.ਆਰ. ਕਿਸ ਨੂੰ ਕਿਹਾ ਜਾਂਦਾ ਹੈ ? ਵਿਸ਼ਵ ਯੁਧ ਦੇ ਮਗਰੋਂ ਇਸ ਦੇ ਮਹੱਤਵ ਨੂੰ ਸਪਸ਼ਟ ਕਰੋ । ਯੂ.ਐਸ.ਐਸ.ਆਰ. ਦਾ ਵਿਘਟਨ ਕਦੋਂ ਹੋਇਆ ? 2+5+1=8

23. **ਏਸ਼ੀਆ** ਦੇ ਰਾਜਨੀਤਿਕ ਰੇਖਾ-ਮਾਨਚਿਤ੍ਰ (ਪੰਨਾ 9) ਤੇ 1914 ਵਿੱਚ ਇਕ ਡੱਚ ਉਪਨਿਵੇਸ਼ ਅਤੇ ਬ੍ਰਿਟੇਨ ਤੇ ਫ਼ਰਾਂਸ ਦੇ ਦੋਹੇ ਉਪਨਿਵੇਸ਼ਾਂ ਨੂੰ ਚਿਨ੍ਹਾਂ ਰਾਹੀ ਵਿਖਾਕੇ ਉਨ੍ਹਾਂ ਦੇ ਨਾਮ ਲਿਖੋ । 5

**ਜਾਂ**

**ਅਫ਼ਰੀਕਾ** ਦੇ ਰਾਜਨੀਤਿਕ ਰੇਖਾ-ਮਾਨਚਿਤ੍ਰ (ਪੰਨਾ 11) ਤੇ 1960 ਵਿੱਚ ਸੁਤੰਤ੍ਰਤਾ ਪਾਣ ਵਾਲੇ ਕਿਨ੍ਹੀਂ ਤਿੰਨ ਦੇਸ਼ਾਂ ਅਤੇ 1961 ਵਿੱਚ ਸੁਤੰਤ੍ਰਤਾ ਪਾਣ ਵਾਲੇ ਕਿਨ੍ਹੀਂ ਦੋ ਦੇਸ਼ਾਂ ਨੂੰ ਚਿਨ੍ਹਾਂ ਰਾਹੀਂ ਵਿਖਾਕੇ ਉਨ੍ਹਾਂ ਦੇ ਨਾਮ ਲਿਖੋ ।

**ਨੋਟ :** *ਹੇਠ ਲਿਖਿਆਂ ਪ੍ਰਸ਼ਨ ਕੇਵਲ ਨੇਤ੍ਰਹੀਨ ਪ੍ਰੀਖਿਆਰਥੀਆਂ ਲਈ ਪ੍ਰਸ਼ਨ ਨੰ. 23 ਦੀ ਥਾਂ ਤੇ ਹੈ ।*

ਏਸ਼ੀਆ ਵਿੱਚ 1914 ਵਿੱਚ ਇਕ ਡੱਚ ਉਪਨਿਵੇਸ਼ ਅਤੇ ਬ੍ਰਿਟੇਨ ਅਤੇ ਫ਼ਰਾਂਸ ਦੇ ਦੋ ਦੋ ਉਪਨਿਵੇਸ਼ਾਂ ਦੇ ਨਾਮ ਲਿਖੋ ।

**ਜਾਂ**

1960 ਵਿੱਚ ਸੁਤੰਤ੍ਰਤਾ ਪਾਣ ਵਾਲੇ ਕਿਨ੍ਹੀਂ ਤਿੰਨ ਅਫ਼ਰੀਕੀ ਦੇਸ਼ਾਂ ਅਤੇ 1961 ਵਿੱਚ ਸੁਤੰਤ੍ਰਤਾ ਪਾਣ ਵਾਲੇ ਦੋ ਅਫ਼ਰੀਕੀ ਦੇਸ਼ਾਂ ਦੇ ਨਾਮ ਲਿਖੋ ।

ਪ੍ਰਸ਼ਨ ਨੰ. 12 ਦੇ ਲਈ



ਭਾਰਤ – ਰਾਜਨੀਤਿਕ
68°
72°
76°
80°
84°
88°
92°
96°
100°
36°
32°
28°
24°
20°
16°
12°
8°
km 100 0 100 300 500 km

ਪ੍ਰਸ਼ਨ ਨੰ. 23 ਦੇ ਲਈ

ASIA - POLITICAL

ਏਸ਼ੀਆ - ਰਾਜਨੀਤਿਕ




ਅਫ਼ਰੀਕਾ - ਰਾਜਨੀਤਿਕ